ਮਿਤੀ: ੨੭ ਅਗਸਤ, ੨੦੨੫

ਸ: ਹਰਮੀਤ ਸਿੰਘ ਕਾਲਕਾ,
ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (DSGMC)

**ਵਿਸ਼ਾ: ਗਿਆਨੀ ਜਗਤਾਰ ਸਿੰਘ ਜਾਚਕ ਜੀ ਨੂੰ ਦਿੱਤਾ ਕਾਨੂੰਨੀ ਨੋਟਿਸ ।**

ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਫਰਜ਼ ਹੁੰਦਾ ਹੈ ਕਿ ਉਹ ਕੌਮ ਦੇ ਸੁਹਿਰਦ ਪਰਚਾਰਕ ਅਤੇ ਵਿਦਵਾਨਾਂ ਦੀ ਹਰ ਮੁਮਕਿਨ ਮਦਦ ਕਰਨ। ਪਰ ਇਹ ਜਾਣ ਕੇ ਬੜਾ ਦੁੱਖ ਹੋਇਆ ਹੈ ਕਿ DSGMC ਵੱਲੋਂ ਉੱਘੇ ਵਿਦਵਾਨ ਤੇ ਪਰਚਾਰਕ ਗਿਆਨੀ ਜਗਤਾਰ ਸਿੰਘ ਜਾਚਕ ਜੀ ਨੂੰ, ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਪ੍ਰਬੰਧ ਵਿੱਚ ਹੋ ਰਹੀਆਂ ਬੇਨਿਯਮੀਆਂ ਬਾਰੇ ਚੁੱਕੇ ਗਏ ਮੁੱਦਿਆਂ ’ਤੇ, ਕਾਨੂੰਨੀ ਨੋਟਿਸ ਭੇਜਿਆ ਗਿਆ ਹੈ।

ਗਿਆਨੀ ਜਾਚਕ ਜੀ ਦਾ ਸਿੱਖ ਕੌਮ ਵਿੱਚ ਵਿਸ਼ੇਸ਼ ਆਦਰ-ਸਤਿਕਾਰ ਹੈ ਅਤੇ ਉਹਨਾਂ ਵੱਲੋਂ ਉਠਾਏ ਗਏ ਮੁੱਦੇ ਸਿੱਖਿਆ ਸੰਸਥਾਵਾਂ ਦੇ ਸੁਧਾਰ ਲਈ ਹਨ। DSGMC ਵੱਲੋਂ ਇਹਨਾਂ ਮੁੱਦਿਆਂ ਦੀ ਗੰਭੀਰਤਾ ਨਾਲ ਜਾਂਚ ਕਰਨ ਦੀ ਥਾਂ, ਸਿਰਫ ਕਾਨੂੰਨੀ ਭਾਸ਼ਾ ਵਿੱਚ ਲਫ਼ਜ਼ੀ ਖਾਮੀਆਂ ਲੱਭ ਕੇ ਨੋਟਿਸ ਜਾਰੀ ਕਰਨਾ, ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਕਦਮ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁੱਖ ਧਿਆਨ ਸਿੱਖਿਆ ਸੰਸਥਾਵਾਂ ਦੇ ਪਾਰਦਰਸ਼ੀ ਪ੍ਰਬੰਧ, ਵਿਦਿਆਰਥੀਆਂ ਦੇ ਭਵਿੱਖ ਦਾ ਸੁਧਾਰ ਅਤੇ ਗੁਰਮਤਿ ਅਨੁਸਾਰ ਕਾਰਜ ਕਰਨ ’ਤੇ ਹੋਣਾ ਚਾਹੀਦਾ ਹੈ। ਕਾਨੂੰਨੀ ਧਮਕੀਆਂ ਦੇਣ ਨਾਲ ਨਾ ਤਾਂ ਸੱਚ ਦਬ ਸਕਦਾ ਹੈ ਅਤੇ ਨਾ ਹੀ ਕੌਮ ਦੇ ਸਵਾਲ ਖਤਮ ਹੋ ਸਕਦੇ ਹਨ।

ਜੇਕਰ ਤੁਹਾਨੂੰ ਗਿਆਨੀ ਜਾਚਕ ਜੀ ਦੇ ਕਹੇ ਪ੍ਰਤੀ ਕੋਈ ਇਤਰਾਜ਼ ਹੈ ਤਾਂ ਤੁਸੀਂ ਸਿੱਧੇ ਉਹਨਾਂ ਨਾਲ ਸੰਪਰਕ ਕਰ ਸਕਦੇ ਹੋ ਜਾਂ ਇੱਕ ਵੀਡੀਓ ਨੋਟ ਵਿੱਚ ਆਪਣਾ ਪੱਖ ਸਪੱਸ਼ਟ ਕਰ ਸਕਦੇ ਹੋ। ਚੰਗਾ ਹੋਵੇ ਜੇਕਰ ਤੁਸੀਂ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਦੇ ਪ੍ਰਬੰਧ ਬਾਰੇ ਉੱਠ ਰਹੇ ਸਵਾਲਾਂ ਦਾ ਜਵਾਬ ਇੱਕ ਖੁਲੇ ਸੱਦੇ ਵਾਲੀ ਪ੍ਰੈੱਸ ਕਾਨਫਰੰਸ ਵਿੱਚ ਦਿਉ।

ਇਸ ਲਈ ਸਾਡੀ ਬੇਨਤੀ ਹੈ ਕਿ DSGMC ਇਸ ਨੋਟਿਸ ਨੂੰ ਵਾਪਸ ਲੈ ਕੇ ਗਿਆਨੀ ਜਾਚਕ ਜੀ ਦੇ ਉਠਾਏ ਮੁੱਦਿਆਂ ਦੀ ਜਾਂਚ ਕਰੇ ਅਤੇ ਜੇਕਰ ਪ੍ਰਬੰਧ ਵਿੱਚ ਕੋਈ ਬੇਨਿਯਮੀਆਂ ਹਨ ਤਾਂ ਉਹਨਾਂ ਨੂੰ ਠੀਕ ਕਰਨ ਲਈ ਕਦਮ ਚੁੱਕੇ।

**ਵੱਲੋਂ ਪੰਜ ਪ੍ਰਧਾਨੀ ਕੌਂਸਲ:**
ਸ: ਨਿਰਮਲ ਸਿੰਘ (ਵਿਕਟੋਰੀਆ ਕੈਨੇਡਾ), ਸ: ਗੁਰਪ੍ਰੀਤ ਸਿੰਘ ਜੀਪੀ (ਬਹਿਰੀਨ), ਡਾ: ਖੁਸ਼ਹਾਲ ਸਿੰਘ (ਚੰਡੀਗੜ), ਗਿਆਨੀ ਅੰਮ੍ਰਿਤਪਾਲ ਸਿੰਘ (ਲੁਧਿਆਣਾ), ਸ: ਸਤਬੀਰ ਸਿੰਘ (ਦਿੱਲੀ)।